2

# ਖ਼ੁਦਾ ਦਾ ਸਰਬਗਿਆਨ:

## ਸਾਡਾ ਖ਼ੁਦਾ ''ਸਿੱਖਦਾ'' ਨਹੀਂ ਹੈ

ਤੀਜੇ ਹਜ਼ਾਰ ਸਾਲੇ ਵਿਚ ਪਹੁੰਚ ਚੁਕੇ ਉਦਯੋਗਿਕ ਦੇਸ਼ਾਂ ਦਾ ਬਹੁਤਾ ਧਿਆਨ ਸਿੱਖਿਆ 'ਤੇ ਹੈ। ਇਹ ਸਮਝ ਆਉਣ ਲਗ ਪਈ ਹੈ ਕਿ ਆਧੁਨਿਕ ਸੱਭਿਅਤਾ ਦੇ ਸਾਹਮਣੇ ਆਉਣ ਵਾਲੀਆਂ ਔਕੜਾਂ ਦਾ ਮੁਕਾਬਲਾ ਕਰਨ ਲਈ ਗਿਆਨ ਹਾਸਲ ਕਰਨਾ ਜ਼ਰੂਰੀ ਹੈ। ਇਸ ਕਰਕੇ ਜਾਣਕਾਰੀ ਦੇ ਸੁਪਰ-ਹਾਈਵੇ ਦੀ ਵਿਕਾਸ ਦੀ ਤਾਂਘ ਵਧ ਗਈ ਹੈ।[1] ਸਿੱਖਿਆ ਦੇ ਪ੍ਰੋਗਰਾਮਾਂ ਦਾ ਲਗਾਤਾਰ ਵਿਕਾਸ ਲੋਕਾਂ ਦੇ ਆਪਣੇ ਤੋਂ ਕਈ ਸਾਲ ਅੱਗੇ ਦੇ ਦਿਮਾਗ਼ੀ ਵਿਕਾਸ ਦੀ ਖ਼ਾਹਸ਼ ਨੂੰ ਵਿਖਾਉਂਦਾ ਹੈ।

ਮਨੁੱਖ ਦੇ ਸੁਭਾਅ ਤੋਂ ਲਗਦਾ ਹੈ ਕਿ ਉਸ ਵਿਚ ਗਿਆਨ ਹਾਸਲ ਕਰਨ ਦੀ ਤਮੰਨਾ ਹੈ। ਦੋ ਸਾਲ ਦੇ ਬੱਚੇ ਦੀਆਂ ਗਤੀਵਿਧੀਆਂ ਤੋਂ ਕੰਮ ਕਰਨ ਦੀ ਉਸਦੀ ਜਿਗਿਆਸਾ ਦਾ ਪਤਾ ਲਗਦਾ ਹੈ। ਪੰਜ-ਪੰਜ ਸਾਲ ਦੇ ਛੋਟੇ ਬੱਚਿਆਂ ਦੇ ਸਵਾਲਾਂ ਨੇ ਕਈ ਮਾਪਿਆਂ ਨੂੰ ਉਲਝਣ ਅਤੇ ਪਰੇਸ਼ਾਨੀ ਵਿਚ ਪਾ ਦਿੱਤਾ ਹੈ। ਅਜਿਹੇ ਲੋਕ ਆਮ ਮਿਲ ਜਾਂਦੇ ਹਨ ਜਿਨ੍ਹਾਂ ਨੇ ਗਿਆਨ ਹਾਸਲ ਕਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਵੀਹ-ਤੀਹ ਸਾਲ ਸਿੱਖਣ ਵਿਚ ਹੀ ਲਗਾ ਦਿੱਤੇ ਹਨ। ਸਿੱਖਣ 'ਤੇ ਐਨਾ ਜ਼ੋਰ ਗਿਆਨ ਦੀ ਲੋੜ ਕਰਕੇ ਵਧਦਾ ਹੈ। ਸਾਡੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਜਿੰਨਾ ਗਿਆਨ ਸਾਨੂੰ ਹੋਣਾ ਚਾਹੀਦਾ ਹੈ ਅਤੇ ਜਿੰਨਾ ਅਸੀਂ ਚਾਹੁੰਦੇ ਹਾਂ, ਅਸਲ 'ਚ ਸਾਨੂੰ ਓਨਾ ਗਿਆਨ ਹੈ ਨਹੀਂ। ਇਹ ਕੋਸ਼ਿਸ਼ ਲਗਾਤਾਰ ਜਾਰੀ ਰਹਿੰਦੀ ਹੈ ਕਿਉਂਕਿ ਸਾਡਾ ਮੰਨਣਾ ਹੈ ਕਿ ਅਸੀਂ ਸਿੱਖ ਸਕਦੇ ਹਾਂ। ਅਸੀਂ ਇਨ੍ਹਾਂ ਸਭ ਗੱਲਾਂ ਤੋਂ ਚੰਗੀ ਤਰ੍ਹਾਂ ਵਾਕਫ਼ ਹਾਂ। ਅਸਲ 'ਚ, ਖੋਜਣ, ਖੋਜ ਕਰਨ ਅਤੇ ਕੁਝ ਪਾਉਣ ਦੀ ਇੱਛਾ ਮਨੁੱਖੀ ਸੁਭਾਅ ਵਿਚ ਮੁੱਢ ਕਦੀਮੋਂ ਹੀ ਹੈ। ਮਨੁੱਖ ਲਈ ਇਹ ਗੱਲ ਆਮ ਹੈ।

ਪਰ ਗਿਆਨ ਜਮ੍ਹਾ ਕਰਨ ਨਾਲ ਅਸੀਂ ਬਹੁਤ ਵੱਡੀ ਗ਼ਲਤੀ ਵੀ ਕਰ ਸਕਦੇ ਹਾਂ। ਤਕਨੀਕ ਦੇ ਇਸ ਯੁੱਗ ਵਿਚ ਜਿੱਥੇ ਗਿਆਨ ਦੀ ਖ਼ਾਸ ਵਰਤੋਂ ਅਤੇ ਲਾਭ ਮਿਲਦੇ ਹਨ। ਅਸੀਂ ਉਨ੍ਹਾਂ ਪ੍ਰਾਪਤੀਆਂ ਨੂੰ ਸਲਾਮ ਕਰਦੇ ਹਾਂ ਜਿਨ੍ਹਾਂ ਨਾਲ ਮਨੁੱਖ ਨੇ ਕੰਮ ਕਰਨ ਵਿਚ ਮਹਾਰਤ ਪਾਈ ਹੈ। ਭਲਾ ਮਨੁੱਖੀ ਤਰੱਕੀ ਦੇ ਇਸ ਹਵਾਈ ਹਮਲੇ ਦਾ ਕੋਈ ''ਕਮਜ਼ੋਰ'' ਪਹਿਲੂ ਵੀ ਹੈ? ਹਾਂ! ਇਕ ਬਹੁਤ ਹੀ ਵੱਡੀ ਛੂਤ ਦੀ ਬੀਮਾਰੀ ਫੈਲ ਰਹੀ ਹੈ ਜਿਸਨੂੰ ''ਬਨਾਵਟੀ ਬੌਧਿਕਵਾਦ'' ਆਖਿਆ ਜਾਂਦਾ ਹੈ। ਬਰਦਾਸ਼ਤ ਤੋਂ ਬਾਹਰ ਘਮੰਡ, ਸਾੜੇ ਭਰਿਆ ਮੁਤਅੱਸਬ ਅਤੇ ਝੂਠੇ ਭਰੋਸੇ ਨਾਲ ਇਹ ਮਾਨਤਾ ਕਿ ''ਹਰ ਚੀਜ਼ ਦਾ ਨਾਪ ਮਨੁੱਖ ਹੈ'' ਇਸਦੇ ਲੱਛਣ ਹਨ। ਇਹ ਨਜ਼ਰੀਆ ਜਿਸ ਨੂੰ ''ਮਨੁੱਖ ਕੇਂਦਰਤ ਖ਼ੁਦਾਈ''[2] ਦੀ ਇਕ ਕਿਸਮ ਕਿਹਾ ਜਾ ਸਕਦਾ ਹੈ, ਮਨੁੱਖੀ ਮਨ ਦੀ ਇਕ ਖ਼ਤਰਨਾਕ ਭੈੜ ਨੂੰ ਲੁਕਾਉਂਦਾ ਹੈ। ਪੂਰੇ ਅੰਤਰਧਿਆਨ ਹੋ ਕੇ ਸਾਡੇ ਵਿੱਚੋਂ ਬਹੁਤੇ ਇਹ ਨਹੀਂ ਸਮਝ ਸਕੇ ਕਿ ਉਸ ਖ਼ੁਦਾ ਨੂੰ ਕਬੂਲ ਕਰ ਲੈਣ ਜੋ ਸਾਡੇ ਉੱਤੇ ਐਨਾ ਵੱਡਾ ਹੈ ਕਿ ਸਾਡੀ ਸਮਝ ਉਹਦੇ ਅੱਗੇ ਬੇਵਕੂਫ਼ੀ ਹੀ ਲਗਦੀ ਹੈ (1 ਕੁਰਿੰਥੀਆਂ 1: 18-25)।

ਖ਼ੁਦਾ ਦੀ ਸਰਬਵਿਆਪਕਤਾ ਦਾ ਨਿਚੋੜ ਉਹਦਾ ਸਰਬਗਿਆਨ ਭਾਵ ਖ਼ੁਦਾ ਦਾ ਅਸੀਮ, ਵਿਸ਼ਵਵਿਆਪੀ ਅਤੇ ਸੰਪੂਰਣ ਗਿਆਨ ਹੈ।[3] ਬਾਈਬਲ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ। ਖ਼ੁਦਾ ਬਾਰੇ ਆਪਣੇ ''ਦੋਸਤਾਂ'' ਨਾਲ ਗੱਲਾਂ ਕਰਦਿਆਂ ਅੱਯੂਬ ਨੇ ਆਖਿਆ ਸੀ, ''ਉਹ ਧਰਤੀ

ਦੀਆਂ ਹੱਦਾਂ ਤੀਕ ਨਿਗਾਹ ਕਰਦਾ ਹੈ, ਅਤੇ ਜੋ ਕੁਝ ਅਕਾਸ਼ ਦੇ ਹੇਠ ਹੈ ਉਹ ਵੇਖਦਾ ਹੈ'' (ਅੱਯੂਬ 28:24)। ਕਹਾਉਤਾਂ ਦੀ ਕਿਤਾਬ ਵਿਚ ਬੁੱਧਵਾਨ ਨੇ ਕਿਹਾ ਸੀ, ''ਯਹੋਵਾਹ ਦੀਆਂ ਅੱਖਾਂ ਸਭਨੀ ਥਾਈਂ ਲੱਗੀਆਂ ਰਹਿੰਦੀਆਂ ਹਨ, ਅਤੇ ਬੁਰੇ ਭਲੇ ਦੋਹਾਂ ਨੂੰ ਤੱਕਦੀਆਂ ਹਨ'' (ਕਹਾਉਤਾਂ 15:3)। ਖ਼ੁਦਾ ਦੇ ਸਰਬਗਿਆਨੀ ਹੋਣ ਦੀਆਂ ਕਈ ਗੱਲਾਂ ਹਨ। ਕਈ ਸਵਾਲ ਉੱਠ ਸਕਦੇ ਹਨ। ਆਓ ਉਨ੍ਹਾਂ ਵਿੱਚੋਂ ਕੁਝ ਤੇ ਵਿਚਾਰ ਕਰਦੇ ਹਾਂ।

## ਇਸ ਤੋਂ ਉੱਠਣ ਵਾਲੇ ਸਵਾਲ

ਆਮ ਤੌਰ 'ਤੇ ਇਕ ਸਵਾਲ ਇਹ ਉੱਠਦਾ ਹੈ ਕਿ ''ਖ਼ੁਦਾ ਨੂੰ *ਕਿਵੇਂ* ਪਤਾ ਹੈ?'' ਅਸੀਂ ਪਹਿਲਾਂ ਹੀ ਆਖ ਚੁੱਕੇ ਹਾਂ ਕਿ ਸਰਬਵਿਆਪਕਤਾ ਅਤੇ ਸਰਬਗਿਆਨ ਉਹਦੇ ਫੌਰੀ ਨਤੀਜੇ ਹਨ। ਭਲਾ ਤੁਸੀਂ ਕਦੇ ਕਿਸੇ ਨੂੰ ਕਹਾਣੀ ਸਣਾਉਣ ਵਾਲੇ ਤੋਂ ਇਹ ਪੁੱਛਦਿਆਂ ਸੁਣਿਆ ਹੈ ਕਿ ''ਤੈਨੂੰ ਕਿਵੇਂ ਪਤਾ ਲੱਗਾ?'' ਆਮ ਤੌਰ ਤੇ ਜਵਾਬ ਹੁੰਦਾ ਹੈ, ''ਮੈਂ *ਉੱਥੇ ਹੀ* ਸੀ!'' ਅਸੀਮਤ ਰੂਪ ਵਿਚ ਖ਼ੁਦਾ ਲਈ ਇਹ ਗੱਲ ਲਾਗੂ ਹੁੰਦੀ ਹੈ। ਉਹਨੂੰ ਪਤਾ ਹੁੰਦਾ ਹੈ ਕਿਉਂਕਿ ਉਹ ਹਰ ਥਾਂ *ਹੈ*। ਪਰ ਇਸ ਤੋਂ ਇਹ ਨਿਚੋੜ ਨਹੀਂ ਕੱਢਣਾ ਚਾਹੀਦਾ ਕਿ ਖ਼ੁਦਾ ਨੂੰ ਇਸ ਲਈ ਪਤਾ ਹੈ ਕਿਉਂਕਿ ਉਹ ਅਖ਼ਬਾਰ ਦੇ ਰਿਪੋਟਰ ਵਾਂਗ ਤੱਥ ਇਕੱਠੇ ਕਰਦਾ ਰਹਿੰਦਾ ਹੈ। ਯਾਦ ਰੱਖੋ, ਅਸੀਂ ਕਿਸੇ ਮਨੁੱਖ ਦਾ ਨਹੀਂ ਬਲਕਿ ਖ਼ੁਦਾ ਦੇ ਸੁਭਾਅ ਦਾ ਅਧਿਐਨ ਕਰ ਰਹੇ ਹਾਂ। ਜਿਹੋ ਜਿਹਾ ਖ਼ੁਦਾ ਦਾ ਸੁਭਾਅ *ਹੋਣਾ* ਹੈ ਓਸੇ ਤਰ੍ਹਾਂ ਉਹਦਾ ਸੁਭਾਅ ਜਾਣਨਾ ਵੀ ਹੈ। ਖ਼ੁਦਾ ਹੁੰਦਾ ਨਹੀਂ ਹੈ ਬਲਕਿ ਉਹ ਤਾਂ ਪਹਿਲਾਂ ਤੋਂ ਹੀ *ਹੈ*। ਖ਼ੁਦਾ ਨੂੰ ਸਿੱਖਣ ਦੀ ਲੋੜ ਨਹੀਂ ਕਿਉਂਕਿ ਉਹਨੂੰ ਤਾਂ ਪਹਿਲਾਂ ਤੋਂ ਹੀ ਪਤਾ ਹੈ। ਖ਼ੁਦਾ ਦੀ ਸਰਬਵਿਆਪਕਤਾ ਤਰਕਸੰਗਤ ਢੰਗ ਨਾਲ ਸਾਨੂੰ ਇਹ ਸਮਝਾਉਣ ਵਿਚ ਮਦਦ ਕਰਦੀ ਹੈ ਕਿ ਉਹਨੂੰ ਕਿਵੇਂ ਪਤਾ ਹੁੰਦਾ ਹੈ?

ਇਕ ਹੋਰ ਸਵਾਲ ਜੋ ਕਈ ਵਾਰ ਪੁੱਛਿਆ ਜਾਂਦਾ ਹੈ, ਉਹ ਇਹ ਹੈ ਕਿ ''ਭਲਾ ਖ਼ੁਦਾ ਨੂੰ ਸਚਮੁੱਚ ਸਭ ਕੁਝ ਪਤਾ ਹੁੰਦਾ ਹੈ?'' ਇਹਦਾ ਜਵਾਬ ਹੈ, ''ਉਮੀਦ ਹੈ, ਕਿਉਂਕਿ ਜੇ ਉਹਨੂੰ ਸਭ ਗੱਲਾਂ ਦਾ ਪਤਾ ਨਹੀਂ ਹੈ ਤਾਂ ਇਕ ਗੱਲ ਹੈ ਜਿਹਦਾ ਉਹਨੂੰ ਪਤਾ ਨਹੀਂ ਹੈ। ਉਹੀ ਉਹਦੇ ਲਈ ਖ਼ਤਰਨਾਕ ਸਾਬਿਤ ਹੋ ਸਕਦੀ ਹੈ, ਜਿਸ ਨਾਲ ਉਹ ਖ਼ੁਦਾ ਨਹੀਂ ਰਹੇਗਾ।'' ਬੇਸ਼ੱਕ, ਇਸ ਸਵਾਲ ਦਾ ਜਵਾਬ ਹੋਰ ਵੀ ਚੌਕਸੀ ਨਾਲ ਦੇਣ ਦੀ ਲੋੜ ਹੈ। ਇਸ ਵਿਚ ਇਹ ਵਿਚਾਰ ਵੀ ਸ਼ਾਮਿਲ ਹੈ ਕਿ ''ਪਤਾ'' ਜਾਂ ਜਾਣਨਾ ਸ਼ਬਦ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ।[4]

ਖ਼ੁਦਾ ਆਪਣੇ ਆਪ ਨੂੰ ਅੰਦਰੋਂ ਜਾਣਦਾ ਹੈ ਭਾਵ ਉਹ ਆਪਣੇ ਬਾਰੇ ਪੂਰੀ ਤਰ੍ਹਾਂ ਵਾਕਫ਼ ਹੈ (1 ਯੂਹੰਨਾ 1:5)। ਉਹ ਆਪਣੇ ਬਾਰੇ ਹਰ ਬਾਹਰੀ ਗੱਲ ਨੂੰ ਭਾਵ ਆਪਣੀ ਰਚਨਾ ਨੂੰ ਵੀ ਜਾਣਦਾ ਹੈ ਜਿਸ ਵਿਚ ਇਨਸਾਨ ਵੀ ਸ਼ਾਮਿਲ ਹੈ (ਅੱਯੂਬ 34:21)। ਇਹ ਸਰਬਗਿਆਨੀ ਸਾਡੇ ਅੰਦਰ ਆ ਜਾਂਦਾ ਹੈ। ਜ਼ਬੂਰ ਲਿਖਣ ਵਾਲਾ ਪੁਕਾਰ ਉਠਿਆ ਸੀ ਕਿ ਖ਼ੁਦਾ ਸਾਡੇ ਮਨ ਦੇ ਵਿਚਾਰਾਂ ਨੂੰ ਵੀ ਜਾਣਦਾ ਹੈ (ਜ਼ਬੂਰ 139:2)। ਹਾਂ, ਬਿਨਾ ਕਿਸੇ ਅਪਵਾਦ ਦੇ ਖ਼ੁਦਾ ਸਭ ਕੁਝ ਜਾਣਦਾ ਹੈ।

ਹੁਣ ਤਕ ਜਿਨ੍ਹਾਂ ਸਵਾਲਾਂ ਤੇ ਅਸੀਂ ਗ਼ੌਰ ਕੀਤਾ ਹੈ ਉਨ੍ਹਾਂ ਵਿਚ ਖ਼ੁਦਾ ਨੂੰ ਕਿਵੇਂ ਪਤਾ ਲਗਦਾ ਹੈ ਅਤੇ ਕਿੰਨਾ ਪਤਾ ਲਗਦਾ ਹੈ। ਇਹ ਵੱਖਰੀ ਤਰ੍ਹਾਂ ਦਾ ਸਵਾਲ ਆਮ ਤੌਰ ਤੇ ਉੱਠਦਾ ਹੈ: ''ਭਲਾ ਖ਼ੁਦਾ ਨੂੰ ਪਤਾ ਹੁੰਦਾ ਹੈ ਕਿ *ਜੇ* ... ਤਾਂ ਕੀ ਹੋਵੇਗਾ?'' ਇਸ ਸਵਾਲ ਦਾ ਜਵਾਬ ਦੇਣ ਲਈ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਹ ਸਵਾਲ ਆਮ ਤੌਰ ਤੇ ਭਵਿੱਖ ਨਾਲ ਜੁੜਿਆ ਹੈ। ਇਹ ਅਨਿਸ਼ਚਿਤਤਾ ਦੀ ਗੱਲ ਕਰਦਾ ਹੈ ਜੋ ਉਨ੍ਹਾਂ ਘਟਨਾਵਾਂ ਨੂੰ ਬਦਲ ਸਕਦੀ ਹੈ। ਇਹ ਸਵਾਲ ਉਨ੍ਹਾਂ ਗੱਲਾਂ ਬਾਰੇ ਪੁੱਛਿਆ ਜਾਂਦਾ ਹੈ ਜੋ ਅਜੇ ਹੋਈਆਂ ਨਹੀਂ ਹਨ। ਇਹ ਸਵਾਲ ਉਹ ਪੁੱਛਦੇ ਹਨ ਕਿ ਜਿਨ੍ਹਾਂ ਨੂੰ ਲਗਦਾ ਹੈ ਕਿ ਘਟਨਾਵਾਂ ਐਵੇਂ ਹੀ ਜਾਂ ਅਚਨਚੇਤ ਹੋ ਜਾਂਦੀਆਂ ਹਨ ਅਤੇ ਹੈਰਾਨ ਕਰ ਦਿੰਦੀਆਂ ਹਨ। ਪਰ ਖ਼ੁਦਾ ਕਦੇ

ਹੈਰਾਨ ਨਹੀਂ ਹੁੰਦਾ। ਉਹਨੂੰ ਸਭ ਅਨਿਸ਼ਚਤਾਵਾਂ ਦਾ ਪਤਾ ਹੁੰਦਾ ਹੈ ਭਾਵੇਂ ਉਹ ਭੂਤ ਕਾਲ ਵਿਚ ਹੋਣ, ਵਰਤਮਾਨ ਵਿਚ ਜਾਂ ਫਿਰ ਭਵਿੱਖ ਵਿਚ। ਦੂਜੇ ਸ਼ਬਦਾਂ ਵਿਚ, ਇਹ ਜਾਣਨ ਤੋਂ ਇਲਾਵਾ ਕਿ ''ਜੇ ... ਤਾਂ ਕੀ ਹੋਵੇਗਾ'' ਉਹਨੂੰ ਇਹ ਵੀ ਪਤਾ ਹੁੰਦਾ ਹੈ ਕਿ ''ਜੇ ... ਹੁੰਦਾ ਤਾਂ ਕੀ ਹੋਣਾ ਸੀ।'' ਉਹਨੂੰ ਇਹ ਵੀ ਪਤਾ ਹੁੰਦਾ ਹੈ ਕਿ ਜੇ ਗੱਲਾਂ ਸਚਮੁਚ ਹੋ ਜਾਣ ਤਾਂ ਕੀ ਹੋਵੇਗਾ? (ਮੱਤੀ 11:21, 22)। ਇਹ ਉਹਦੇ ਸਰਬਗਿਆਨੀ ਹੋਣ ਦਾ ਇਹ ਸਾਫ਼ ਸਬੂਤ ਹੈ।

ਖ਼ੁਦਾ ਦੀ ਸਰਬਵਿਆਪਕਤਾ ਅਨਾਦੀਕਾਲ ਤੋਂ ਇੱਕੋ ਵੇਲੇ ਹਰ ਥਾਂ ਉਹਦਾ ਹੋਣਾ ਹੈ। ਆਦਿ ਤੋਂ ਅੰਤ ਤਕ ਇੱਕੋ ਵੇਲੇ ਸਭ ਗੱਲਾਂ ਦਾ ਗਿਆਨ ਹੋਣਾ ਉਹਦਾ ਸਰਬਗਿਆਨ ਹੈ। ਇਨਸਾਨੀ ਨਜ਼ਰੀਏ ਤੋਂ ਅਸੀਂ ਆਖ ਸਕਦੇ ਹਾਂ ਕਿ ਖ਼ੁਦਾ ਸਭ ਕੁਝ ਜਾਣਦਾ ਸੀ ਅਤੇ ਉਹਨੂੰ ਸਭ ਕੁਝ ਪਤਾ ਹੋਵੇਗਾ। ਇਹ ਬਾਈਬਲ ਦੀ ਭਾਸ਼ਾ ਹੈ ਜਿਸ ਵਿਚ ਸਾਨੂੰ ਸੰਬੋਧਿਤ ਕੀਤਾ ਗਿਆ ਹੈ। ਖ਼ੁਦਾ ਦਾ ਨਜ਼ਰੀਆ ਸਮੇਂ ਤੋਂ ਰਹਿਤ ਅਤੇ ਵਿਸ਼ਵਵਿਆਪੀ ਹੈ। ਉਹਦੇ ਲਈ ਭੂਤ ਅਤੇ ਭਵਿੱਖ ਜਿਵੇਂ *ਹੁਣੇ* ਦੀ ਗੱਲ ਹਨ। ਇਹ ਸਵਾਲ ਸਾਡੀ ਸਮਝ ਦੀ ਘਾਟ ਕਰਕੇ ਹੀ ਉੱਠਦੇ ਹਨ।

## ਇਸ ਤੋਂ ਉੱਠਣ ਵਾਲੇ ਸੰਘਰਸ਼

ਅੰਤਰਯਾਮੀ ਖ਼ੁਦਾ ਦੇ ਸੁਭਾਅ ਦੇ ਪਹਿਲੂ ਨਾਲ ਸਾਡਾ ਸੰਘਰਸ਼ ਕਈ ਕਾਰਣਾਂ ਕਰਕੇ ਔਖਾ ਹੈ। (1) ਖ਼ੁਦਾ ਅਤੇ ਸਾਡੀ ਸਮਝ ਵਿਚ ਫ਼ਰਕ ਹੈ (ਯਿਰਮਿਯਾਹ 55:8, 9)। (2) ਜਦ ਤਕ ਖ਼ੁਦਾ ਆਪ ਜ਼ਾਹਿਰ ਨਾ ਕਰੇ ਅਸੀਂ ਉਸਨੂੰ ਜਾਣ ਨਹੀਂ ਸਕਦੇ ਅਤੇ ਉਹਦਾ ਮੁਕਾਸ਼ਫ਼ਾ ਬੜਾ ਹੀ ਚੁਣਿੰਦਾ ਅਤੇ ਸੀਮਿਤ ਹੈ (ਵਿਵਸਥਾਸਾਰ 29:29)। (3) ਖ਼ੁਦਾ ਦਾ ਮੁਕਾਸ਼ਫ਼ਾ ਦਿੱਤਾ ਜਾ ਚੁੱਕਾ ਹੈ ਅਤੇ ਉਹ ਕਾਫ਼ੀ ਹੈ (2 ਪਤਰਸ 1:3) ਫਿਰ ਵੀ ਉਹਨੂੰ ਸਮਝਣਾ ਕਈ ਵਾਰ ਔਖਾ ਹੁੰਦਾ ਹੈ (2 ਪਤਰਸ 3:15, 16)। (4) ਅਸੀਂ ਇੱਥੇ ਧਰਤੀ 'ਤੇ ਸਮੇਂ ਦੇ ਬੰਧਨ ਵਿਚ ਬੱਝੇ ਹਾਂ ਅਤੇ ਹੋ ਸਕਦਾ ਹੈ ਕਿ ਅਗਲਾ ਪਲ ਸਾਡੇ ਲਈ ਆਖ਼ਰੀ ਹੋਵੇ (ਯਾਕੂਬ 4:13-16)। (5) ਸਭ ਤੋਂ ਅਹਿਮ ਗੱਲ ਇਹ ਹੈ ਕਿ ਨਾ ਸਿਰਫ਼ ਸਾਡੀ ਸਮਝ ਸੀਮਿਤ ਹੈ, ਸਾਡੀਆਂ ਜ਼ਿੰਦਗੀਆਂ ਵਿਚ ਪਾਪ ਦੀ ਬੁਰਾਈ ਵੀ ਹੈ (ਰੋਮੀਆਂ 3:23)।

ਇਹ ਰੁਕਾਵਟਾਂ ਸਾਨੂੰ ਨਿਰਾਸ਼ ਕਰ ਸਕਦੀਆਂ ਹਨ। ਹੋ ਸਕਦਾ ਹੈ ਕਿ ਅਸੀਂ ਪਰੇਸ਼ਾਨ ਹੋ ਜਾਈਏ ਜਾਂ ਭੈਭੀਤ ਹੋ ਜਾਈਏ। ਹੋ ਸਕਦਾ ਹੈ ਕਿ ਆਪਣੇ-ਸਾਹਮਣੇ ਆਉਣ ਵਾਲੀ ਰੁਕਾਵਟ ਨੂੰ ਪਾਰ ਕਰਨਾ ਸਾਡੇ ਲਈ ਹੋਰ ਔਖਾ ਲੱਗੇ। ''ਜੇ ਖ਼ੁਦਾ 'ਪੂਰੀ ਤਰ੍ਹਾਂ ਦੂਸਰਾ' ਹੈ ਤਾਂ ਮੈਂ ਉਹਦੇ ਨਾਲ ਗੱਲ ਕਰਨਾ ਵੀ ਸ਼ੁਰੂ ਕਿਵੇਂ ਕਰ ਸਕਦਾ ਹਾਂ?'' ਦੂਜੀ ਰੁਕਾਵਟ ਨਾਲ ਸਵਾਲ ਉੱਠਦਾ ਹੈ ਕਿ ''ਜੇ ਮੈਂ ਖ਼ੁਦਾ ਦੀ ਖੋਜ ਕਰਨ ਦਾ ਬਦਲ ਚੁਣਾਂ, ਤਾਂ ਉਹਦਾ ਮੁਕਾਸ਼ਫ਼ਾ ਤਾਂ ਚੁਣਿੰਦਾ ਅਤੇ ਸੀਮਿਤ ਹੈ, ਫਿਰ ਮੈਂ ਕਿੱਥੇ ਜਾਵਾਂ?'' ਤੀਜੀ ਰੁਕਾਵਟ ਵਿਚ ਇਕ ਹੋਰ ਵਿਹਾਰਕ ਸਵਾਲ ਉੱਠਦਾ ਹੈ, ''ਜੇ ਹੁਣੇ ਭਾਵ ਹੁਣ ਚਰਮ ਨਹੀਂ ਹੈ, ਤਾਂ ਮੈਨੂੰ ਇਹ ਸਮੀਖਿਆ ਕਰਨ ਅਤੇ ਹਰ ਰੋਜ਼ ਆਪਣੀ ਜ਼ਿੰਦਗੀ ਨੂੰ ਚਲਾਉਣ ਦਾ ਕਿਵੇਂ ਪਤਾ ਲਗ ਸਕਦਾ ਹੈ?'' ਆਖ਼ਰੀ ਰੁਕਾਵਟ ਵਿਚ ਇਕ ਬਹੁਤ ਗੰਭੀਰ ਮੁਸ਼ਕਿਲ ਮਿਲਦੀ ਹੈ: ''ਮੈਂ ਤਾਂ ਇਕ ਪਾਪੀ ਹਾਂ, ਫਿਰ ਕਿਸ ਅਧਾਰ ਤੇ ਮੈਂ ਕੋਈ ਆਸ ਰੱਖ ਸਕਦਾ ਹਾਂ? ਭਲਾ ਇੱਥੇ ਜ਼ਿੰਦਾ ਰਹਿਣ ਦੀ ਕੋਈ ਸੰਭਾਵਨਾ ਹੈ ਕਿ ਖ਼ੁਦਾ ਦੇ ਸਾਹਮਣੇ ਜੋ ਹਮੇਸ਼ਾ ਵਰਤਮਾਨ ਹੈ ਮੇਰੇ ਅੰਦਰ ਅਤੇ ਬਾਹਰ ਦੀਆਂ ਗੱਲਾਂ ਨੂੰ ਜਾਣਦਾ ਹੈ, ਇਹਦੇ ਬਾਅਦ ਕਹਿਣ ਲਈ ਕੁਝ ਨਾ ਹੋਵੇ?'' ਇਹ ਸਵਾਲ ਬੜੇ ਹੀ ਗੰਭੀਰ ਹਨ। ਬਹੁਤ ਸਾਰੇ ਅਹਿਮ ਸਵਾਲਾਂ ਵਾਂਗ ਇਨ੍ਹਾਂ ਦੇ ਜਵਾਬ ਇਕ-ਇਕ ਕਰਕੇ ਸਾਫ਼ ਤੌਰ ਤੇ ਨਹੀਂ ਦਿੱਤੇ ਜਾ ਸਕਦੇ। ਪਰ ਇਨ੍ਹਾਂ ਦਾ ਜਵਾਬ ਦਿੱਤਾ ਜਾ *ਸਕਦਾ* ਹੈ। ਉੱਪਰ ਦਿੱਤੇ ਸਵਾਲਾਂ ਵਾਂਗ ਅਸੀਂ ਜ਼ਿੰਦਗੀ ਦੇ ਅਜਿਹੇ ਸਵਾਲਾਂ ਦੇ ਜਵਾਬ ਦੀ ਤਲਾਸ਼ ਵਿਚ ਰਹਿੰਦੇ ਹਾਂ।

ਖ਼ੁਦਾ ਦੇ ਸਰਬਗਿਆਨ ਦਾ ਅਧਿਐਨ ਕਰਦਿਆਂ ਸਾਡੇ ਸਾਹਮਣੇ ਇਕ ਚੁਣੌਤੀ ਇਹ ਯਾਦ ਰੱਖਣ ਯੋਗ ਹੈ ਕਿ ਉਹਦਾ ਸਰਬਗਿਆਨ ਉਹਦੀ ਇੱਛਾ ਵਾਂਗ ਨਹੀਂ ਹੈ। ਇਸ ਭੇਤ ਨਾਲ ਉੱਪਰ ਦਿੱਤੇ ਸਵਾਲਾਂ ਨਾਲ ਪੈਦਾ ਹੋਣ ਵਾਲੇ ਤਨਾਅ ਤੋਂ ਕੁਝ ਰਾਹਤ ਮਿਲਦੀ ਹੈ। ਇਸ ਤੱਥ ਦਾ ਕਿ ਖ਼ੁਦਾ ਅੰਤਰਯਾਮੀ ਹੈ, ਇਹ ਮਤਲਬ ਨਹੀਂ ਹੈ ਕਿ ਜੋ ਕੁਝ ਵੀ ਹੁੰਦਾ ਹੈ ਉਹ ਸਭ ਉਹਦੀ ਮਰਜ਼ੀ ਨਾਲ ਹੀ ਹੁੰਦਾ ਹੈ। ਖ਼ੁਦਾ ਨਾਲ ਮਨੁੱਖ ਦਾ ਕੋਈ ਮੁਕਾਬਲਾ ਨਹੀਂ ਹੈ, ਪਰ ਸਮਝਣ ਵਿਚ ਮਦਦ ਲਈ ਅਸੀਂ ਇਸ ਅਮਲ ਤੇ ਗੌਰ ਕਰਦੇ ਹਾਂ।

ਇਕ ਅਸੀਮਤ ਅਤੇ ਵਿਸ਼ਵਵਿਆਪੀ ਅਧਾਰ 'ਤੇ ਖ਼ੁਦਾ ਜਾਣਦਾ ਹੈ ਕਿ ਲੋਕ ਕਿਸੇ ਜਿਸਮਾਨੀ ਬਿਮਾਰੀ ਨਾਲੋਂ ਵੱਧ ਖ਼ਤਰਨਾਕ ਢੰਗ ਨਾਲ ਅਯੋਗ ਹੋ ਰਹੇ ਹਨ (ਯਸਾਯਾਹ 64:6); ''ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਏ ਸਗੋਂ ਸੱਭੋ ਤੌਬਾ ਵੱਲ ਮੁੜਨ'' (2 ਪਤਰਸ 3:9; NEB)। ਇਸ ਕਰਕੇ ਨਾਸ ਹੋਣ ਵਾਲਿਆਂ ਨੂੰ ਬਚਾਉਣ ਲਈ, ਉਹ ਸਮਝਾਉਂਦਾ (ਯੂਹੰਨਾ 6:45), ਚੇਤਾਵਨੀ ਦਿੰਦਾ (ਲੂਕਾ 12:4, 5) ਅਤੇ ਹਰ ਤਰ੍ਹਾਂ ਦੀ ਲੋੜੀਂਦੀ ਮਦਦ ਦਿੰਦਾ ਹੈ (ਯੂਹੰਨਾ 3:16)।

## ਇਸ ਤੋਂ ਮਿਲਣ ਵਾਲੀ ਵਿਆਖਿਆ

ਆਓ ਬਾਈਬਲ ਵਿਚਲੇ ਨਬੂਵਤ ਦੇ ਵਿਚਾਰ ਵੱਲ ਮੁੜਦੇ ਹਾਂ। ਪਹਿਲਾਂ ਤਾਂ ਨਬੂਵਤ ਐਨੀ ਅਹਿਮ ਹੈ ਕਿ ਜੇ ਬਾਈਬਲ ਵਿੱਚੋਂ ਕੱਢ ਦਿੱਤੀ ਜਾਵੇ ਤਾਂ ਬਾਈਬਲ ਨਕਾਰਾ ਹੋ ਜਾਵੇਗੀ। ਬਾਈਬਲ ਦਾ ਬਹੁਤਾ ਹਿੱਸਾ ਤਰਕ ਸੰਗਤ ਜਾਂ ਪੜ੍ਹਨ ਦੇ ਯੋਗ ਵੀ ਨਹੀਂ ਹੋਵੇਗਾ। ਕਲਪਨਾ ਕਰੋ ਕਿ ਨਬੂਵਤ ਦੀਆਂ ਵੱਡੀਆਂ ਅਤੇ ਛੋਟੀਆਂ ਕਿਤਾਬਾਂ, ਇਤਿਹਾਸਕ ਕਿਤਾਬਾਂ ਵਿਚਲੀਆਂ ਨਬੂਵਤਾਂ, ਯਿਸੂ ਦੀਆਂ ਨਬੂਵਤਾਂ ਵਾਲੀਆਂ ਸਿੱਖਿਆਵਾਂ, ਗੱਲਾਂ ਅਤੇ ਪ੍ਰਕਾਸ਼ ਦੀ ਪੋਥੀ ਦੇ ਬਗ਼ੈਰ ਬਾਈਬਲ ਕਿਹੋ ਜਿਹੀ ਲੱਗੇਗੀ। ਲਿਖਤ ਦੇ ਇਨ੍ਹਾਂ ਸਭ ਭਾਗਾਂ ਦੇ ਬਗ਼ੈਰ ਬਾਈਬਲ ਨੂੰ ਬਾਈਬਲ ਨਾ ਆਖਿਆ ਜਾਂਦਾ। ਪਰ ਇਸ ਤੋਂ ਕੀ ਅੰਦਾਜ਼ਾ ਲਾ ਸਕਦੇ ਹਾਂ? *ਆਪਣੀ ਨਬੂਵਤ ਦੇ ਵਿਸ਼ਾਲ ਦਾਇਰਿਆਂ ਨਾਲ ਬਾਈਬਲ ਖ਼ੁਦਾ ਦੇ ਸਰਬਗਿਆਨੀ ਹੋਣ ਦਾ ਸ਼ੀਸ਼ਾ ਹੈ।* ਇਹ ਗੱਲ ਉਦੋਂ ਵੀ ਸੱਚ ਹੈ ਜਦ ਨਬੂਵਤ ਵਿਚ ਭਵਿੱਖ ਦੀਆਂ ਗੱਲਾਂ ਨਾ ਹੋਣ। ਜੇ ਹਰ ਨਬੂਵਤ ਨੂੰ ਪੂਰਾ ਹੋਣ ਤਕ ਰੱਖਿਆ ਜਾਂਦਾ ਤਾਂ ਇਹ ਸੱਚ ਨਾ ਹੁੰਦੀ। ਆਖ਼ਿਰ ਸਾਨੂੰ ਦੱਸਿਆ ਗਿਆ ਹੈ ਕਿ ਨਬੂਵਤ ਦੀ ਭਰੋਸੇਯੋਗਤਾ ਨਬੂਵਤ ਦੇ ਪੂਰਾ ਹੋਣ ਤੇ ਹੀ ਬਣਦੀ ਹੈ (ਵਿਵਸਥਾਸਾਰ 18:22)।


ਬੇਸ਼ੱਕ ਬਾਈਬਲ ਦੀਆ ਕਈ ਭਵਿੱਖਬਾਣੀਆਂ ਪੂਰੀਆਂ ਨਹੀਂ ਹੋਈਆਂ ਹਨ। ਉਨ੍ਹਾਂ ਵਿੱਚੋਂ ਕਈ ਨਬੂਵਤਾਂ ਅਜੇ ਪੂਰੀਆਂ ਹੋਣੀਆ ਹਨ ਭਾਵ ਬਹੁਤ ਸਾਰੀਆਂ ਨਬੂਵਤਾਂ ਅੰਤ ਸਮੇਂ ਵੱਲ ਇਸ਼ਾਰਾ ਕਰਦੀਆਂ ਹਨ। ਫਿਰ ਬਾਈਬਲ ਦੀ ਨਬੂਵਤ ਖ਼ੁਦਾ ਦੇ ਸਰਬਗਿਆਨ ਨੂੰ ਕਿਵੇਂ ਵਿਖਾਉਂਦੀ ਹੈ? ਬਾਈਬਲ ਦੇ ਸਮੇਂ ਕੀਤੀਆਂ ਗਈਆਂ ਬਹੁਤ ਸਾਰੀਆਂ ਨਬੂਵਤਾਂ ਲਗਭਗ ਓਸੇ ਸਮੇਂ ਪੂਰੀਆਂ ਹੋ ਗਈਆਂ ਸਨ ਜਦ ਕਿ ਹੋਰ ਨਬੂਵਤਾਂ ਥੋੜ੍ਹੀ ਦੇਰ ਬਾਅਦ ਪੂਰੀਆਂ ਹੋਈਆਂ ਅਤੇ ਕਈ ਅਜਿਹੀਆਂ ਵੀ ਹਨ ਜੋ ਸਦੀਆਂ ਬਾਅਦ ਪੂਰੀਆਂ ਹੋਈਆਂ।[5]

ਬਾਈਬਲ ਦੀ ਪੂਰੀ ਹੋਈ ਨਬੂਵਤ ਦੀ ਇਕ ਸ਼ਾਨਦਾਰ ਉਦਾਹਰਣ ਹੈ ਜਿਸ ਨੂੰ ਇਤਿਹਾਸ ਦੀ ਹੱਦ ਵਿਚ ਬੱਧੇ ਮਨੁੱਖ ਖ਼ੁਦਾ ਦਾ *ਪੂਰਬਗਿਆਨ* ਆਖਦੇ ਹਨ। ''ਪੂਰਬਗਿਆਨ'' ਤੋਂ ਭਾਵ ''ਪਹਿਲਾਂ ਤੋਂ ਜਾਂ ਪਹਿਲਾਂ ਜਾਣਨਾ; ਪਿਛਲੇ ਦਾ ਪਹਿਲਾ ਗਿਆਨ ਹੋਣਾ।'' ਇਹ ਪੂਰਬਗਿਆਨ ਅਸਲ 'ਚ ਘਟਨਾਵਾਂ ਦੀ ''ਸਧਾਰਣ'' ਤਰਤੀਬ ਨੂੰ ਉਲਟਾ ਕਰ ਦਿੰਦਾ ਹੈ। ਕਿਸੇ ਘਟਨਾ ਦੀ ਜਾਣਕਾਰੀ ਸਾਨੂੰ ਉਹਦੇ ਵਾਪਰਨ ਦੇ *ਬਾਅਦ* ਹੀ ਹੁੰਦੀ ਹੈ। ਹੋ ਸਕਦਾ ਹੈ ਕਿ ਅਸੀਂ ਸਮੇਂ ਤੋਂ ਪਹਿਲਾਂ ਇਸ ਬਾਰੇ ਗੱਲਾਂ

ਕਰ ਰਹੇ ਹੋਈਏ। ਹੋ ਸਕਦਾ ਹੈ ਕਿ ਸਾਨੂੰ ਕਿਸੇ ਘਟਨਾ ਦੇ ਵਾਪਰਨ ਦਾ ਪੱਕਾ ਯਕੀਨ ਹੋਵੇ। ਭਲਾ ਗ਼ਲਤ ਠਹਿਰਣ ਤੇ ਅਸੀਂ ਪਰੇਸ਼ਾਨ ਨਹੀਂ ਹੁੰਦੇ? ਤੁਹਾਨੂੰ ਪਤਾ ਹੈ ਕਿ ਕਦੇ-ਕਦੇ ਅਸੀਂ ਪਰੇਸ਼ਾਨ ਹੋ ਜਾਂਦੇ ਹਾਂ!

ਖ਼ੁਦਾ ਗ਼ਲਤ ਨਹੀਂ ਹੈ। ਅਨਾਦੀਕਾਲ ਵਿਚ ਉਹਨੂੰ ਪਤਾ ਹੈ ਕਿ ਕੀ ਹੋਇਆ, ਕੀ ਹੋ ਰਿਹਾ ਹੈ ਅਤੇ ਇਤਿਹਾਸ (ਸਮੇਂ) ਵਿਚ ਕੀ ਹੋਣ ਵਾਲਾ ਹੈ? ਜਿਸਨੂੰ ਬਾਈਬਲ ਦੇ ਲੇਖਕ ਅਤੇ ਅਸੀਂ ਖ਼ੁਦਾ ਦਾ ਪੂਰਬਗਿਆਨ ਆਖਦੇ ਹਾਂ, ਉਹ ਸੀਮਤ ਢੰਗ ਨਾਲ ਉਸ ਦੀ ਅਸੀਮ ਬੁੱਧ ਦੀ ਇਕ ਵਿਆਖਿਆ ਹੈ (ਰਸੂਲਾਂ ਦੇ ਕੰਮ 2:23; ਰੋਮੀਆਂ 11:2)। ਇਹਦਾ ਉਲਟਾ ਨਹੀਂ ਹੋ ਸਕਦਾ। ਜੇ ਖ਼ੁਦਾ ਸਾਨੂੰ ਆਪਣੀ ਸੰਪੂਰਨਤਾ ਅਤੇ ਨਜ਼ਰੀਏ ਨਾਲ ਆਪਣੇ ਆਪ ਨੂੰ ''ਵਿਖਾਉਣਾ'' ਚਾਹੁੰਦਾ ਤਾਂ ਉਹ ਯਕੀਨਨ ਹੀ ਉਹ ਸਾਨੂੰ ਵਿਖਾ ਸਕਦਾ ਸੀ; ਪਰ ਪਾਪੀ ਹੋਣ ਕਰਕੇ, ਅਸੀਂ ਮਨੁੱਖ ਨਾ ਹੁੰਦੇ ਜਿਵੇਂ ਹੁਣ ਹਾਂ।

ਹੇਠਾਂ ਦਿੱਤੀ ਰੇਖਾ ਸਾਨੂੰ ਖ਼ੁਦਾ ਦੇ ਸਰਬਗਿਆਨ ਨੂੰ ਸਮਝਣ ਵਿਚ ਮਦਦਗਾਰ ਹੋ ਸਕਦੀ ਹੈ:




ਇਸ ਰੇਖਾ ਚਿੱਤਰ ਦੀ ਬਾਹਰੀ ਰੇਖਾ ਇਹ ਅਰਥ ਨਹੀਂ ਦਿੰਦੀ ਕਿ ਅਨਾਦੀਕਾਲ ਦੀ ਹੱਦ ਹੈ। ਅੰਦਰ ਵਾਲੇ ਆਇਤਾਕਾਰ ਵਿਚ ਹਰ ਗੱਲ ਆਰਜ਼ੀ ਸਮੇਂ ਦੀ ਹੱਦ ਵਿਚ ਵਿਖਾਈ ਗਈ ਹੈ। ਖ਼ੁਦਾ ਦੀ ਮੌਜੂਦਗੀ ਨੂੰ ਛੱਡ ਅੰਦਰ ਦੇ ਆਇਤਾਕਾਰ ਵਿਚ ਹਰ ਗੱਲ ਦਾ ਅੰਤ ਹੋਵੇਗਾ। ਉਹ ਸਮੇਂ ਅਤੇ ਅਨਾਦੀਕਾਲ ਦੋਹਾਂ ਵਿਚ ਰਹਿੰਦਾ ਹੈ। ਸਮੇਂ ਦੇ ਮੁੱਕ ਜਾਣ 'ਤੇ, ਬਚਾਏ ਹੋਏ ਲੋਕ ਅਤੇ ਖ਼ੁਦਾ ਹਮੇਸ਼ਾ ਤਕ ਅਨਾਦੀਕਾਲ ਵਿਚ ਰਹਿਣਗੇ। ਆਪਣੀ ਸਰਬਵਿਆਪਕਤਾ ਅਤੇ ਸਰਬਗਿਆਨ ਵਿਚ, ਖ਼ੁਦਾ ਇਸ ਸਭ ਨੂੰ ''ਵੇਖਦਾ'' ਹੈ। ਇਹ ਵਿਸ਼ਾਲ ਦ੍ਰਿਸ਼ ਪੌਲੁਸ ਦੀ ਹੇਠਾਂ ਦਿੱਤੀ ਪੁਕਾਰ ਨੂੰ ਵਿਖਾਉਂਦਾ ਹੈ:

> ਵਾਹ ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਂ ਕੇਡੇ ਅਣਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ! ਪ੍ਰਭੂ ਦੀ ਬੁੱਧ ਨੂੰ ਕਿਸ ਜਾਣਿਆ, ਜਾਂ ਕੌਣ ਉਹ ਦਾ ਸਲਾਹੀ ਬਣਿਆ? ਅਥਵਾ ਕਿਸ ਉਹ ਨੂੰ ਪਹਿਲਾਂ ਕੁਝ ਦਿੱਤਾ, ਜਿਸ ਦਾ ਉਹ ਨੂੰ ਮੁੜ ਬਦਲਾ ਦਿੱਤਾ ਜਾਵੇ? ਕਿਉਂ ਜੋ ਉਸ ਤੋਂ ਅਤੇ ਓਸੇ ਦੇ ਵਸੀਲੇ ਨਾਲ ਅਤੇ ਓਸੇ ਦੇ ਲਈ ਸਭ ਵਸਤਾਂ ਹੋਈਆਂ ਹਨ। ਉਸ ਦੀ ਵਡਿਆਈ ਜੁੱਗੋ-ਜੁੱਗ ਹੋਵੇ। ਆਮੀਨ (ਰੋਮੀਆਂ

11:33-36)।

---

ਟਿੱਪਣੀਆਂ

[1]ਫ਼ਿਲਿੱਪ ਐਲਮਰ-ਡਿਵਿੱਟ, ''ਬੈਟਲ ਫ਼ਾਰ ਦ ਸੋਲ ਆਫ਼ ਦ ਇੰਟਰਨੈੱਟ,'' *ਟਾਈਮ* 144 (ਜੁਲਾਈ 1994): 50-55. [2]*ਐਂਥਰੋਪੋਸ* ਆਮ ਆਦਮੀ ਲਈ ਯੂਨਾਨੀ ਭਾਸ਼ਾ ਦਾ ਸ਼ਬਦ ਹੈ। ''ਐਂਥਰੋਸੈਂਟ੍ਰਿਕ'' ਤੋਂ ਭਾਵ ਹੈ ''ਮਨੁੱਖ ਕੇਂਦ੍ਰਿਤ।'' ''ਖ਼ੁਦਾਈ'' ਦਾ ਸਬੰਧ ਖ਼ੁਦਾ ਨਾਲ ਹੈ। ਹਰ ਚੀਜ਼ ਦਾ ਕੇਂਦਰ ਬਣ ਕੇ ਮਨੁੱਖ ਆਪਣੀ ਨਜ਼ਰ ਵਿਚ ਰੱਬ ਬਣ ਗਿਆ ਹੈ। [3]ਈ. ਐੱਚ. ਆਈਜਮਸ, *ਦਿ ਰੀਅਲਟੀ ਆਫ਼ ਗੌਡ* (ਨੈਸ਼ਵਿੱਲੇ: ਵਿਲੀਅਮਜ਼, 1978), 12, 120. [4]ਅਸੀਂ ਇਸ ਤੇ ਵਿਚਾਰ *ਨਹੀਂ* ਕਰ ਰਹੇ ਹਾਂ ਕਿ *ਸਾਨੂੰ* ਕਿਵੇਂ ਪਤਾ। ਸਾਡੇ ਕੁਝ ਗਿਆਨ ਦਾ ਸਬੰਧ ਤਜਰਬੇ ਨਾਲ ਹੁੰਦਾ ਹੈ। [5]1 ਰਾਜਿਆਂ 11:29-32/12:15, 20; 1 ਰਾਜਿਆਂ 21:23; 2 ਰਾਜਿਆਂ 9:31-37/2 ਰਾਜਿਆਂ 19:20-37; ਯਸਾਯਾਹ 40:3/ਮੱਤੀ 3:3; ਯਸਾਯਾਹ 42:1-4/ਮੱਤੀ 12:18-21; ਯੋਏਲ 2:28-32/ ਰਸੂਲਾਂ ਦੇ ਕੰਮ 2:16-21; ਆਦਿ।